NATIONAL BOWELCANCER SCREENING PROGRAM

Australian Government

ਪਛਾਣ ਨੰਬਰ <Consumer ID>

<Participant Given Name> < Participant Family Name >
<Preferred Mailing Address>
<Preferred Mailing Address >
<Locality> <State> <Postcode>

ਪਿਆਰੇ <Participant Given Name> <Participant Family Name>

# ਅੰਤੜੀ ਦੇ ਕੈਂਸਰ ਦੇ ਲੱਛਣਾਂ ਦਾ ਅਗਾਊਂ ਪਤਾ ਲਾਉਣ ਲਈ ਮੁਫਤ ਜਾਂਚ

**ਲੱਗਭੱਗ 80 ਆਸਟ੍ਰੇਲੀਆ ਵਾਸੀ ਹਰ ਹਫਤੇ ਅੰਤੜੀ ਦੇ ਕੈਂਸਰ ਨਾਲ ਮਰਦੇ ਹਨ।**

| | |
|---|---|
| **ਸੱਦਾ** | ਤੁਹਾਨੂੰ ਅੰਤੜੀ ਦੇ ਕੈਂਸਰ ਦੇ ਲੱਛਣਾਂ ਦਾ ਅਗਾਊਂ ਪਤਾ ਲਾਉਣ ਲਈ ਜਾਂਚ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। **ਜਾਂਚ ਮੁਫਤ ਹੈ ਅਤੇ ਘਰੇ ਸੌਖੇ ਤਰੀਕੇ ਨਾਲ ਕੀਤੀ ਜਾ ਸਕਦੀ ਹੈ।** ਇਹ ਮਹੱਤਵਪੂਰਣ ਹੈ ਕਿ ਤੁਸੀਂ ਇਹ ਜਾਂਚ ਕਰੋ, ਭਾਂਵੇਂ ਕਿ ਤੁਹਾਨੂੰ ਕੋਈ ਲੱਛਣ ਨਾ ਵੀ ਹੋਣ। ਜੇ ਤੁਸੀਂ ਜਲਦੀ ਪਤਾ ਲਗਾ ਲੈਂਦੇ ਹੋ, 90% ਮੌਕਿਆਂ ਤੇ ਅੰਤੜੀ ਦੇ ਕੈਂਸਰ ਦਾ ਇਲਾਜ ਸਫਲਤਾ ਪੂਰਵਕ ਕੀਤਾ ਜਾ ਸਕਦਾ ਹੈ। |
| **ਤੁਹਾਨੂੰ ਕਿਉਂ ਸੱਦਿਆ ਜਾ ਰਿਹਾ ਹੈ?** | 50 ਤੋਂ 74 ਸਾਲਾਂ ਦੇ ਯੋਗ ਵਿਅਕਤੀਆਂ ਨੂੰ ਅੰਤੜੀ ਦੇ ਕੈਂਸਰ ਦੀ ਛਾਣਬੀਣ ਵਾਸਤੇ ਸੱਦਾ ਦਿੱਤਾ ਜਾ ਰਿਹਾ ਹੈ। ਅੰਤੜੀ ਦਾ ਕੈਂਸਰ ਆਸਟ੍ਰੇਲੀਆ ਦੇ ਬਹੁਤ ਆਮ ਕੈਂਸਰਾਂ ਵਿੱਚੋਂ ਇਕ ਹੈ, ਖਾਸ ਤੌਰ ਉਤੇ 50 ਸਾਲ ਤੋਂ ਉਪਰ ਦੀ ਉਮਰ ਵਾਲਿਆਂ ਵਿੱਚ। ਇਹ ਬਿਨਾਂ ਲੱਛਣਾਂ ਤੋਂ ਵਿਕਸਿਤ ਹੋ ਸਕਦਾ ਹੈ ਅਤੇ ਇਹ ਜਾਂਚ ਅੰਤੜੀ ਦੇ ਕੈਂਸਰ ਦੇ ਵਿਕਸਿਤ ਹੋਣ ਤੋਂ ਪਹਿਲੇ ਦੇ ਲੱਛਣਾਂ ਦਾ ਅਗਾਊਂ ਪਤਾ ਲਗਾ ਲੈਂਦੀ ਹੈ। ਡਾਕਟਰ ਅੰਤੜੀ ਦੇ ਕੈਂਸਰ ਦੀ ਨਿਯਮਤ ਛਾਣਬੀਣ ਦੀ ਸਿਫਾਰਸ਼ ਕਰਦੇ ਹਨ ਅਤੇ ਆਸਟ੍ਰੇਲੀਆ ਵਿੱਚ ਬਹੁਤ ਸਾਰੇ ਲੋਕ ਆਪਣੇ ਖਤਰੇ ਨੂੰ ਘਟਾਉਣ ਲਈ ਜਾਂਚ ਕਰਦੇ ਹਨ। |
| **ਇਸ ਤੋਂ ਅੱਗੇ ਕੀ ਹੁੰਦਾ ਹੈ?** | ਅਗਲੇ ਚਾਰ ਤੋਂ ਛੇ ਹਫਤਿਆਂ ਵਿੱਚ, ਤੁਹਾਨੂੰ ਇਕ ਬੰਦ ਲਿਫਾਫਾ ਮਿਲੇਗਾ ਜਿਸ ਵਿੱਚ ਤੁਹਾਡੀ ਜਾਂਚ ਕਿੱਟ ਅਤੇ ਕੁਝ ਨਿਰਦੇਸ਼ ਹੋਣਗੇ। ਜੇਕਰ ਤੁਸੀਂ ਹਿੱਸਾ ਨਹੀਂ ਲੈਣਾ ਚਾਹੁੰਦੇ, ਕਿਰਪਾ ਪ੍ਰੋਗਰਾਮ ਦੀ ਜਾਣਕਾਰੀ ਲਾਈਨ ਨੂੰ 1800 118 868 ਉਪਰ ਫੋਨ ਕਰੋ। |
| **ਕੀ ਤੁਹਾਡੇ ਕੋਈ ਸਵਾਲ ਹਨ?** | ਆਪਣੇ ਡਾਕਟਰ ਨਾਲ ਗੱਲ ਕਰੋ, ਕਿਰਪਾ ਪ੍ਰੋਗਰਾਮ ਦੀ ਜਾਣਕਾਰੀ ਲਾਈਨ ਨੂੰ ਫੋਨ ਕਰੋ ਜਾਂ ਸਾਡੀ ਵੈਬਸਾਈਟ www.cancerscreening.gov.au ਉਪਰ ਜਾਓ। |

**ਇਹ ਜਾਂਚ ਕਰਨ ਨਾਲ ਤੁਹਾਡੀ ਜਾਨ ਬੱਚ ਸਕਦੀ ਹੈ।**

ਪ੍ਰੋਫੈਸਰ ਬਰੈਂਡਨ ਮਰਫੀ
ਚੀਫ ਮੈਡੀਕਲ ਅਫਸਰ
<DATE>

ਐਨ ਬੀ ਸੀ ਐਸ ਆਰ ਸੀ221